ੴ ਸਤਿਗੁਰ ਪ੍ਰਸਾਦਿ ॥

ਟ੍ਰੈਕਟ ਨੰ: 56

# ਪ੍ਰਭੂ ਪਿਆਰਿਆਂ ਦੇ ਬਚਨ

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ,

ਪਟਿਆਲਾ

| ਅਪ੍ਰੈਲ | ਸੰਮਤ ਖਾਲਸਾ | ਚੌਥੀ ਵਾਰ |
|---|---|---|
| 1998 | 300 | 30,000 |


ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਓ ਜੀ ।

# ਗੁਰ ਆਸ਼ਾ

ਗੁਰਮਤਿ ਪ੍ਰਚਾਰ ਸਭਾ, ਪਟਿਆਲਾ ਗੁਰੂ ਕਿਰਪਾ ਸਦਕਾ, ਗੁਰ ਆਸ਼ੇ ਨੂੰ ਸਮਝਣ-ਸਮਝਾਉਣ ਦਾ ਨਿਮਾਣਾ ਜਿਹਾ ਯਤਨ ਤੁਛ ਜਿਹੀ ਬੁੱਧੀ ਅਨੁਸਾਰ ਕਰ ਰਹੀ ਹੈ। ਇਨਾਂ ਛੋਟੇ-ਛੋਟੇ ਟ੍ਰੈਕਟਾਂ ਵਿਚ ਸਭ ਦੀ ਸਮਝ ਵਿਚ ਆ ਜਾਣ ਵਾਲੀ ਬੋਲੀ ਵਿਚ ਵੱਖ-ਵੱਖ ਵਿਸ਼ਿਆਂ ਉਤੇ ਛੋਟੇ ਅਤੇ ਸੰਖੇਪ ਲੇਖ ਛਾਪੇ ਜਾਂਦੇ ਹਨ ਜੋ ਕਿ 8-10 ਮਿੰਟਾਂ ਵਿਚ ਹੀ ਪੜ੍ਹ ਲਏ ਜਾ ਸਕਦੇ ਹਨ।

ਇਨ੍ਹਾਂ ਦੀ ਭੇਟਾ 50/- ਰੁ: ਸੈਂਕੜਾ (ਡਾਕ ਖਰਚ ਸਮੇਤ) ਇਸ ਲਈ ਰਖੀ ਗਈ ਹੈ ਕਿਉਂਕਿ ਮੁਫ਼ਤ ਦਿੱਤੀ ਹੋਈ ਚੀਜ਼ ਦੀ ਕਦਰ ਨਹੀਂ ਹੁੰਦੀ।

ਧਰਮ ਪ੍ਰਚਾਰ ਦਾ ਇਹ ਕਾਰਜ ਗੁਰੂ ਪਾਤਸ਼ਾਹ ਦੀ ਆਪਣੀ ਪ੍ਰੇਰਨਾ ਤੇ ਬਖਸ਼ਸ਼ ਸਦਕਾ ਜਿਥੇ ਚਲ ਰਿਹਾ ਹੈ ਉਥੇ ਸਹਿਯੋਗੀ ਵੀਰਾਂ ਦੀ ਮਿਲਵਰਤਨ ਵੀ ਸਹਾਇਕ ਹੋ ਰਹੀ ਹੈ।

ਰੁਚੀ ਰਖਣ ਵਾਲੇ ਵੀਰ ਭੈਣਾਂ ਆਪਣੀ ਨੇਕ ਕਮਾਈ ਵਿਚੋਂ ਇਨਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟਾਂ ਦੀਆਂ 25-50-100 ਕਾਪੀਆਂ ਮੰਗਵਾ ਕੇ ਆਲੇ-ਦੁਆਲੇ ਅਤੇ ਸਾਕ ਸਨੇਹੀਆਂ ਵਿਚ ਵੰਡ ਕੇ ਧਰਮ ਪ੍ਰਚਾਰ ਦੇ ਵਾਧੇ ਵਿਚ ਸਹਾਇਕ ਹੋ ਸਕਦੇ ਹਨ ਤੇ ਆਪਣੀ ਮਾਇਆ ਸਫ਼ਲ ਕਰ ਸਕਦੇ ਹਨ।

ਪ੍ਰਾਰਥਕ

ਪ੍ਰੇਮ ਭੇਟਾ ਵੱਲੋ :-

Designed by :
A.S. COMPUTER GRAPHICS, PTA. Ph.: 307348

# ਪੂਜ਼ ਪਿਆਰਿਆਂ ਦੇ ਕੁਝ ਬਚਨ

1. ਐ ਜੀਵ ! ਜਾਗ !! ਸੌਣ ਦਾ ਵੇਲਾ ਨਹੀਂ ਕਿਉਂਕਿ ਤੇਰੇ ਪਿਛੇ ਰੋਗ, ਬੁਢੇਪਾ ਅਤੇ ਮੌਤ ਲੱਗੇ ਹੋਏ ਹਨ ।

2. ਸੰਸਾਰ ਵਿਚ ਐਸਾ ਕੋਈ ਮੰਤਰ-ਜੰਤਰ ਨਹੀਂ ਜੋ ਮੌਤ ਰੂਪੀ ਸੱਪ ਦੇ ਡੰਗ ਤੋਂ ਬਚਾ ਸਕੇ ।

3. ਸਮਾਂ ਬੜੀ ਤੇਜ਼ੀ ਨਾਲ ਚਲ ਰਿਹਾ ਹੈ, ਜਦ ਇਥੋਂ ਦੀ ਹਰ ਇਕ ਚੀਜ਼ ਬਦਲ ਰਹੀ ਹੈ ਤਾਂ ਅਸੀਂ ਮਨੁੱਖ ਕਿਸ ਤਰ੍ਹਾਂ ਇਕ ਸਾਰ ਰਹਿ ਸਕਦੇ ਹਾਂ ?

4. ਦਾਦਾ ਚਲਾ ਗਿਆ, ਮਾਤਾ-ਪਿਤਾ ਚਲੇ ਗਏ, ਭੈਣ-ਭਰਾ ਕੁਝ ਚਲੇ ਗਏ ਹਨ ਅਤੇ ਕੁਝ ਜਾਣ ਦੀ ਤਿਆਰੀ ਵਿਚ ਹਨ, ਇਸ ਤਰ੍ਹਾਂ ਹੋਰ ਸਾਕ ਸਨੇਹੀ ਤੇ ਗਲੀ ਮੁਹੱਲੇ ਵਾਲੇ ਚਲਦੇ ਜਾ ਰਹੇ ਹਨ, ਪਰ ਹੈਰਾਨਗੀ ਦੀ ਗੱਲ ਵੇਖੋ ! ਇਹ ਮਨੁੱਖ ਆਪਣੇ ਆਪ ਨੂੰ ਅਸਥਿਰ (ਹਮੇਸ਼ਾਂ ਰਹਿਣ ਵਾਲਾ) ਹੀ ਮੰਨੀ ਜਾ ਰਿਹਾ ਹੈ ।

5. ਮਨੁੱਖ ਦੀ ਉਮਰ ਇੱਕ ਰਸੀ ਦੀ ਤਰ੍ਹਾਂ ਹੈ ਜਿਸ ਨੂੰ ਦਿਨ ਅਤੇ ਰਾਤ (ਚਿਟੇ ਅਤੇ ਕਾਲੇ ਦੋ ਚੂਹੇ) ਕਟ ਰਹੇ ਹਨ ਅਤੇ ਰਸੀ ਛੋਟੀ ਹੁੰਦੀ ਜਾ ਰਹੀ ਹੈ । ਪਰ ਹੈਰਾਨੀ ਦੀ ਗੱਲ ਵੇਖੋ ਜਿਉਂ-ਜਿਉਂ

ਦਿਨ ਲੰਘਦੇ ਜਾ ਰਹੇ ਹਨ, ਮਨੁੱਖ ਸਮਝਦਾ ਹੈ ਕਿ ਮੈਂ ਵੱਡਾ ਹੋ ਰਿਹਾ ਹਾਂ।

6. ਮੌਤ ਮਨੁੱਖ ਨੂੰ ਇਸ ਤਰ੍ਹਾਂ ਚੁਪ ਚੁਪੀਤੇ ਚੁਕ ਕੇ ਲੈ ਜਾਂਦੀ ਹੈ ਜਿਵੇਂ ਬਿਲੀ ਚੂਹੇ ਨੂੰ, ਪਰ ਪਤਾ ਨਹੀਂ ਮਨੁੱਖ ਫਿਰ ਵੀ ਗਫਲਤ (ਲਾਪ੍ਰਵਾਹੀ) ਦੀ ਨੀਂਦ ਤੋਂ ਨਹੀਂ ਉਠਦਾ।

7. ਸੰਸਾਰ ਦੇ ਸਾਕ-ਸੰਬੰਧੀ, ਧੀਆਂ-ਪੁੱਤ ਸਾਰੇ ਮਰਘਟ ਤੱਕ ਹੀ ਤੇਰੇ ਨਾਲ ਹੋਣਗੇ, ਇਸ ਤੋਂ ਅੱਗੇ ਤੇਰਾ ਸਾਥੀ ਕੌਣ ਹੋਏਗਾ ? ਕਦੀ ਇਹ ਵੀ ਸੋਚਿਆ ਈ ?

8. ਮੌਤ ਪਰਛਾਂਵੇ ਵਾਂਗ ਹਰ ਵੇਲੇ ਮਨੁੱਖ ਦੇ ਨਾਲ ਹੈ, ਪਤਾ ਨਹੀਂ ਉਸ ਨੇ ਕਿਸ ਵੇਲੇ ਆ ਦਬਾਉਣਾ ਹੈ। ਇਸ ਲਈ ਜਿੰਨੀ ਨੇਕੀ ਕਰ ਸਕਦਾ ਏਂ, ਕਰ ਲੈ, ਕਿਉਂਕਿ ਇਸੇ ਨੇ ਹੀ ਕੰਮ ਆਉਣਾ ਹੈ।

9. ਇਸ ਦੁਨੀਆਂ ਵਿਚ ਤੇਰੇ ਚੰਗੇ-ਮੰਦੇ ਕੰਮ ਹੀ ਤੇਰੇ ਦੋਸਤ ਅਤੇ ਦੁਸ਼ਮਣ ਹਨ। ਤੇਰੀ ਨੇਕਨਾਮੀ ਅਤੇ ਬਦਨਾਮੀ ਦਾ ਕਾਰਨ ਵੀ ਇਹ ਤੇਰੇ ਕੰਮ ਹਨ। ਇਸ ਕਰ ਕੇ ਕੋਈ ਕੰਮ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਅਤੇ ਵੀਚਾਰ ਲੈਣਾ ਚਾਹੀਦਾ ਹੈ।

10. ਇਸ ਦੁੱਖਾਂ-ਕਲੇਸ਼ਾਂ ਤੇ ਔਖਿਆਈਆਂ ਭਰੇ ਜੀਵਨ ਵਿਚ ਇਕ ਨੇਕੀ ਹੀ ਐਸੀ ਚੀਜ਼ ਹੈ ਜੋ ਸਾਨੂੰ ਸਦੀਵੀ ਖੁਸ਼ੀ ਦੇ ਸਕਦੀ ਹੈ। ਪਰ ਪਤਾ ਨਹੀਂ ਮਨੁੱਖ ਦਾ ਮਨ ਫਿਰ ਵੀ ਬਦੀ ਵਲ ਕਿਉਂ

ਝੁਕਦਾ ਹੈ ਅਤੇ ਨੇਕੀ ਵਲੋਂ ਹਟਦਾ ਹੈ ?

11. 'ਨਾਮ ਜਪਣਾ' ਅਤੇ 'ਨੇਕੀ ਕਰਨੀ' ਇਹ ਦੋ ਚੱਪੂ ਤੇਰੀ ਕਿਸ਼ਤੀ ਨੂੰ ਉਸ ਕੰਢੇ ਤਕ ਪਹੁੰਚਾ ਸਕਦੇ ਹਨ ਜਿਥੋਂ ਤੈਨੂੰ ਸਦੀਵੀ ਸੁੱਖ ਤੇ ਮੁਕਤੀ ਮਿਲੇ।

12. ਜਿਹੜਾ ਮਨੁੱਖ ਸੁਸਤੀ ਦੇ ਕਾਰਨ ਨਾਮ ਜਪਣ ਅਤੇ ਨੇਕੀ ਦੇ ਕੰਮਾਂ ਨੂੰ ਹਥੋਂ ਗਵਾ ਦੇਂਦਾ ਹੈ ਉਹ ਉਸ ਅਣਜਾਣ ਵਾਂਗ ਹੈ ਜੋ ਦਰਿਆ ਦੇ ਕੰਢੇ ਤੇ ਬੈਠ ਕੇ ਵੀ ਆਪਣੀ ਪਿਆਸ ਨਹੀਂ ਬੁਝਾ ਸਕਦਾ ; ਪਰੋਸੇ ਹੋਏ ਥਾਲ ਨੂੰ ਅੱਗੇ ਰੱਖ ਕੇ ਵੀ ਭੁੱਖ ਦੂਰ ਨਹੀਂ ਕਰ ਸਕਦਾ।

13. ਜਿਸ ਨੂੰ ਇਹ ਨਹੀਂ ਪਤਾ ਕਿ ਨੇਕੀ ਕੀ ਚੀਜ਼ ਹੈ, ਸਮਝੋ ਉਹ ਆਪਣੇ ਬਜ਼ੁਰਗਾਂ ਦਾ ਸਤਿਕਾਰ ਹੀ ਨਹੀਂ ਕਰਦਾ। ਉਸ ਨੂੰ ਦੂਜਿਆਂ ਨਾਲ ਵਿਉਹਾਰ ਕਰਨਾ ਵੀ ਨਹੀਂ ਆਉਂਦਾ। ਉਹ ਤਾਂ ਪਸ਼ੂਆਂ ਵਾਂਗ ਪੇਟ ਭਰਨ ਲਈ ਜੰਮਿਆ ਹੈ।

14. ਸੇਵਾ-ਉਪਕਾਰ ਤੇ ਰਬ ਦੀ ਭਗਤੀ ਉਸੇ ਵੇਲੇ ਹੀ ਹੋ ਸਕਦੀ ਹੈ ਜਿਸ ਵੇਲੇ ਸਰੀਰ ਅਰੋਗ ਹੋਵੇ। ਜਦ ਸਰੀਰ ਰੋਗੀ ਹੋ ਜਾਏ, ਤਾਕਤ ਨ ਰਹੇ ਅਤੇ ਬੁਢੇਪਾ ਆ ਜਾਏ ਤਾਂ ਸੇਵਾ-ਉਪਕਾਰ, ਭਗਤੀ ਕਿਸ ਤਰ੍ਹਾਂ ਹੋ ਸਕਦੀ ਹੈ ? ਇਸ ਕਰਕੇ ਗੁਰੂ ਮਹਾਰਾਜ ਕਹਿੰਦੇ ਹਨ :-

ਜਬ ਲਗੁ ਜਰਾ[੧] ਰੋਗੁ[੨] ਨਹੀਂ ਆਇਆ ॥
ਜਬ ਲਗੁ ਕਾਲਿ[੩] ਗ੍ਰਸੀ ਨਹੀਂ ਕਾਇਆ[੪] ॥
ਜਬ ਲਗੁ ਬਿਕਲ[੫] ਭਈ ਨਹੀਂ ਬਾਨੀ[੬] ॥
ਭਜਿ ਲੇਹਿ ਰੇ ਮਨ ਸਾਰਿੰਗ ਪਾਨੀ[੭] ॥
ਅਬ ਨ ਭਜਸਿ, ਭਜਸਿ ਕਬ ਭਾਈ ॥
ਆਵੈ ਅੰਤੁ ਨ ਭਜਿਆ ਜਾਈ ॥

੧. ਬੁਢੇਪਾ ੨. ਬੀਮਾਰੀ ੩. ਮੌਤ ੪. ਸਰੀਰ
੫. ਥਿੜਕਣ ੬. ਬੋਲ ੭. ਪ੍ਰਭੂ

15. ਡਡੂ, ਕੀੜਿਆਂ ਦੇ ਫੜਨ ਲਈ ਉਛਲਦਾ-ਕੁਦਦਾ ਹੈ। ਬੇਫਿਕਰੀ ਨਾਲ ਟਪੋਸੀਆਂ ਮਾਰਦਾ ਫਿਰਦਾ ਹੈ ਪਰ ਇਸ ਗੱਲ ਨੂੰ ਭੁੱਲ ਗਿਆ ਹੁੰਦਾ ਹੈ ਕਿ ਉਸ ਨੂੰ ਨਿਗਲਣ ਲਈ ਮੂੰਹ ਅੱਡੀ ਸੱਪ ਬੈਠਾ ਹੈ। ਮਨੁੱਖ ਵਿਸ਼ੇ ਵਿਕਾਰਾਂ ਦੇ ਅਧੀਨ ਹੋ ਕੇ ਹਰ ਸਮੇਂ ਲੁੱਟ-ਖਸੁੱਟ ਕਰਨ, ਅਤੇ ਦੂਜਿਆਂ ਨੂੰ ਦੁੱਖ ਦੇਣ 'ਚ ਲੱਗਾ ਹੋਇਆ ਨਹੀਂ ਜਾਣਦਾ ਕਿ ਮੌਤ ਦੇ ਮੂੰਹ 'ਚ ਪੈ ਕੇ ਮੈਂ ਵੀ ਆਪਣਾ ਨਾਂ ਨਿਸ਼ਾਨ ਗਵਾ ਲੈਣਾ ਹੈ।

16. ਦਿਲ ਦੀ ਸਫ਼ਾਈ-ਸਚਾਈ ਤੇ ਨੇਕ ਨੀਤੀ ਨਾਲ ਭਲਾਈ ਦਾ ਕੀਤਾ ਨਿਕਾ ਜਿਹਾ ਕੰਮ, ਜੀਵਨ ਭਰ ਦਿਖਾਵੇ ਲਈ ਕੀਤੇ ਨੇਕੀ ਦੇ ਕੰਮਾਂ ਨਾਲੋਂ ਹਜ਼ਾਰਾਂ ਗੁਣਾਂ ਚੰਗਾ ਹੁੰਦਾ ਹੈ।

17. ਵਾਸ਼ਨਾ ਰਹਿਤ ਨੇਕੀ ਤੇ ਉਪਕਾਰ ਦਾ ਥੁਹੜਾ ਜਿਹਾ ਕੰਮ ਵੀ ਅਣਮੁੱਲਾ ਕੰਮ ਹੈ।

18. ਕਿਸੇ ਦਾਂ ਬੁਰਾ ਜਾਂ ਭਲਾ ਆਖਣ ਤੇ ਨਿਰਾਸ ਜਾਂ ਖੁਸ਼ ਨਾ ਹੋ, ਨਹੀਂ ਤਾਂ ਆਪਣੇ ਆਦਰਸ਼ ਨੂੰ ਪ੍ਰਾਪਤ ਨਹੀਂ ਕਰ ਸਕੇਂਗਾ।

19. ਖੁਸ਼ਾਮਦੀਆਂ ਦੀਆਂ ਗੱਲਾਂ ਸੁਣਕੇ ਹੰਕਾਰ ਨ ਕਰ, ਨਹੀਂ ਤਾਂ ਜੋ ਕੁਝ ਤੇਰੇ ਹਥ ਵਿਚ ਹੈ ਉਸ ਨੂੰ ਗਵਾ ਬੈਠੇਂਗਾ।

20. ਸੁਹਿਰਦਤਾ, ਸਭੱਯਤਾ, ਦੂਰ-ਦਰਸ਼ਤਾ, ਸੰਜਮ, ਦਲੇਰੀ, ਲਜਿਆ ਅਤੇ ਪਵਿਤ੍ਰ ਦਿਲ ਵਾਲਾ ਹੋਣਾ, ਉਚੇ ਖਾਨਦਾਨ ਵਾਲੇ ਲੋਕਾਂ ਦੇ ਗੁਣ ਮੰਨੇ ਗਏ ਹਨ।

21. ਮਨੁੱਖ ਜਿਸ ਪਾਸੇ ਆਪਣੇ ਮਨ ਨੂੰ ਲਾਉਂਦਾ ਹੈ, ਉਸੇ ਤਰ੍ਹਾਂ ਦੇ ਖਿਆਲ ਇਹਦੇ ਦਿਲ ਵਿਚ ਉਤਪੰਨ ਹੁੰਦੇ ਹਨ। ਦਿਲ ਦੀ ਹਾਲਤ ਤਿਲਾਂ ਦੇ ਤੇਲ ਵਾਂਗ ਹੈ; ਜਿਸ ਤਰ੍ਹਾਂ ਦੀ ਖੁਸ਼ਬੋ ਉਹਦੀ ਹੋ ਜਾਏਗੀ।

22. ਆਪਣੇ ਦਿਲ ਨੂੰ ਉਸ ਪਾਸੇ ਨਾਂਹ ਲਾਓ ਜਿਸ ਤੋਂ ਮੰਦੇ ਖਿਆਲ ਦਿਲ ਵਿਚ ਉਤਪੰਨ ਹੋਣ। ਆਪਣੇ ਦਿਲ ਨੂੰ ਹਮੇਸ਼ਾਂ ਨੇਕੀ ਤੇ ਭਲਾਈ ਦੇ ਕੰਮਾਂ ਵਿਚ ਲਾਓ। ਸਭ ਤੋਂ ਵੱਡੀ ਨੇਕੀ 'ਨਾਮ' ਹੈ। ਇਸ ਲਈ ਸਦਾ ਨਾਮ ਵਿਚ, ਸਿਮਰਨ ਵਿਚ ਲਗਣ ਦੀ ਕੋਸ਼ਿਸ਼ ਕਰੋ।

23. ਉਹ ਲੋਕ ਪ੍ਰਸੰਸਾ ਯੋਗ ਹਨ ਜੋ ਮਨ ਕਰਕੇ, ਬਚਨਾਂ (ਬੋਲਾਂ) ਕਰਕੇ ਅਤੇ ਕਰਮਾਂ (ਕੰਮਾਂ) ਕਰਕੇ ਬੁਰਾ ਨਹੀਂ ਕਰਦੇ ਜਾਂ ਬੁਰਾ ਨਹੀਂ ਚਿਤਵਦੇ ।

24. ਉਹ ਲੋਕ ਪ੍ਰੰਸਸਾ ਯੋਗ ਹਨ ਜਿਨ੍ਹਾਂ ਨੇ ਮੰਦੀਆਂ ਵਾਸ਼ਨਾ ਤੇ ਤ੍ਰਿਸ਼ਨਾ ਤੋਂ ਛੁਟਕਾਰਾ ਪਾ ਲਿਆ ਹੈ ।

25. ਉਹ ਲੋਕ ਵੀ ਪ੍ਰਸੰਸਾ ਯੋਗ ਹਨ ਜਿਨ੍ਹਾਂ ਨੇ :-

*ਮਨ ਅਪੁਨੇ ਤੇ ਬੁਰਾ ਮਿਟਾਨਾ ॥*

*ਪੇਖੈ ਸਗਲ ਸ੍ਰਿਸ਼ਟਿ ਸਾਜਨਾ ॥* ਦੀ ਧਾਰਨਾ ਬਣਾ ਲਈ ਹੈ ।

26. ਸਭ ਤੋਂ ਚੰਗਾ ਗਹਿਣਾ ਚੰਗਾ ਸੁਭਾਓ ਹੈ ।

27. ਕਿਰਾਏ ਦੇ ਮਕਾਨ ਤੇ ਲੋਕੀ ਲੋੜ ਤੋਂ ਵੱਧ ਧਿਆਨ ਨਹੀਂ ਦੇਂਦੇ ਤੇ ਨਾਂਹ ਹੀ ਲੋੜ ਤੋਂ ਵੱਧ ਉਸ ਉਤੇ ਖਰਚ ਕਰਦੇ ਹਨ । ਸਾਡਾ ਸਰੀਰ ਰੂਹ ਦੇ ਠਹਿਰਣ ਲਈ ਥੁਹੜੇ ਚਿਰ ਲਈ ਟਿਕਾਣਾ (ਮਕਾਨ ਹੈ) । ਨਿਰਾ ਇਸੇ ਦਾ ਹੀ ਧਿਆਨ ਕਰਦੇ ਰਹਿਣਾ ਜਾਂ ਇਸਦੇ ਬਣਾਓ ਸ਼ਿੰਗਾਰ ਵਿਚ ਹੀ ਲਗੇ ਰਹਿਣਾ ਕੋਈ ਸਿਆਣਪ ਨਹੀਂ ।

28. ਸਰੀਰ, ਦਿਲ ਅਤੇ ਜੀਭ ਤਿੰਨਾਂ ਤੋਂ ਹੋਣ ਵਾਲੇ ਗਲਤ ਕੰਮ ਤੋਂ ਮਨੁੱਖ ਨੂੰ ਆਪ ਹੀ ਤਕਲੀਫ਼ ਉਠਾਉਣੀ ਪੈਂਦੀ ਹੈ । ਜੇ ਇਨਾਂ ਨੂੰ ਕਾਬੂ ਵਿਚ ਰਖ ਲਵੇ ਤਾਂ ਸੰਸਾਰ ਨੂੰ ਵੀ ਤਕਲੀਫ਼ ਤੋਂ ਬਚਾ ਸਕਦਾ ਹੈ ।

29. ਮਾਲ-ਧਨ ਦਾ ਪਿਆਰ, ਸੰਬੰਧੀਆਂ ਦਾ ਮੋਹ ਤੇ ਵਡਿਆਈ ਦੀ ਚਾਹਨਾ, ਪ੍ਰਮਾਰਥ ਦੇ ਰਾਹ ਵਿਚ ਇਹ ਤਿੰਨ ਉਚੇ ਪਹਾੜ ਹਨ; ਇਨ੍ਹਾਂ ਨੂੰ ਲੰਘ ਕੇ ਅਬਚਲ ਨਗਰੀ ਵਿਚ ਪੁਜੀਦਾ ਹੈ।

30. ਤਲਵਾਰ ਦਾ ਜ਼ਖਮ ਮਿਲ ਜਾਏਗਾ, ਬੰਦੂਕ ਦੀ ਗੋਲੀ ਦਾ ਫੱਟ ਭਰ ਜਾਏਗਾ ਪਰ ਕੌੜੇ ਵਾਕਾਂ ਦਾ ਜ਼ਖਮ ਕਦੇ ਨਹੀਂ ਮਿਲੇਗਾ, ਇਸ ਕਰਕੇ ਕਦੇ ਕੁਬੋਲ ਨ ਬੋਲੋ।

31. ਦੁਨੀਆ ਵਿੱਚ ਤਖਤ ਤੇ ਕੌਣ ਬਿਠਾਂਦੀ ਹੈ? ਜ਼ਬਾਨ।
ਦੁਨੀਆਂ ਵਿਚ ਤਖ਼ਤੇ ਤੇ ਕੌਣ ਲਿਟਾਂਦੀ ਹੈ? ਜ਼ਬਾਨ

32. ਗੁਲਾਮ ਕੌਣ ਹੈ? ਜੋ ਮਨੁੱਖ ਮਨ ਦੇ ਅਧੀਨ ਹੈ।

33. ਸੁਤੰਤਰ ਕੌਣ ਹੈ? ਜਿਸ ਨੇ ਮਨ ਤੇ ਕਾਬੂ ਪਾ ਲਿਆ।

34. ਵੈਰੀ ਕੌਣ ਹੈ? ਮਨੁੱਖ ਦੇ ਆਪਣੇ ਖਿਆਲ ਅਤੇ ਕਰਮ।

35. ਮਿਤ੍ਰ ਕੌਣ ਹੈ? ਚੰਗਾ ਸੁਭਾਓ ਤੇ ਚੰਗੇ ਕਰਮ।

36. ਸੁਤਾ ਕੌਣ ਹੈ? ਜੋ ਪ੍ਰਮਾਰਥ ਨੂੰ ਭੁੱਲ ਗਿਆ ਹੈ।

37. ਜਾਗਦਾ ਕੌਣ ਹੈ? ਜੋ ਵਾਹਿਗੁਰੂ ਨਾਲ ਪਿਆਰ ਕਰਦਾ ਹੈ।

38. ਧਨੀ ਕੌਣ ਹੈ? ਜਿਸ ਨੂੰ ਸੰਤੋਖ ਹੋ ਗਿਆ ਹੈ।

39. ਮੁਥਾਜ ਕੌਣ ਹੈ? ਜਿਸ ਦੀਆਂ ਲੋੜਾਂ ਵਧ ਰਹੀਆਂ ਹਨ।

40. ਬੁਰਾ ਕੌਣ ਹੈ? ਜੋ ਪੜ੍ਹ ਸੁਣ ਕੇ ਅਮਲ ਨਹੀਂ ਕਰਦਾ।

41. ਡੋਰਾ (ਬੋਲਾ) ਕੌਣ ਹੈ ? ਜੋ ਭਲਾਈ ਦੀ ਗੱਲ ਨਹੀਂ ਸੁਣਦਾ।

42. ਗੂੰਗਾ ਕੌਣ ਹੈ ? ਜੋ ਜੀਭ ਵਿਚ ਸ਼ਕਤੀ ਹੋਣ ਤੇ ਵੀ ਵਾਹਿਗੁਰੂ ਦਾ ਨਾਮ ਨਹੀਂ ਜਪਦਾ ਤੇ ਕਿਸੇ ਦੇ ਭਲੇ ਦੀ ਗੱਲ ਨਹੀਂ ਸੁਣਦਾ।

43. ਅੰਨ੍ਹਾਂ ਕੌਣ ਹੈ ?

ਜੋ ਸਰਬ ਵਿਆਪਕ ਪ੍ਰਭੂ ਨੂੰ ਨਹੀਂ ਦੇਖਦਾ।

44. ਵਰਤ ਕੀ ਹੈ ? ਬੁਰੀਆਂ ਵਾਸ਼ਨਾਂ ਤੋਂ ਮਨ ਨੂੰ ਰੋਕਣਾ।

# ਕੋਇ ਨ ਬੇਲੀ ਹੋਇ ਤੇਰਾ

*ਪਾਪ ਕਮਾਵਦਿਆ, ਤੇਰਾ ਕੋਇ ਨ ਬੇਲੀ ਰਾਮ ॥*
*ਕੋਇ ਨ ਬੇਲੀ ਹੋਇ ਤੇਰਾ, ਸਦਾ ਪਛੋਤਾਵਹੇ ॥*

---

*ਬਹੁ ਪਰਪੰਚਿ[੧] ਕਰਿ, ਪਰ ਧਨ ਲਿਆਵੈ।*
*ਸੁਤ[੨] ਦਾਰਾ[੩] ਪਹਿ ਆਨਿ ਲੁਟਾਵੈ ॥*
*ਮਨ ਮੇਰੇ ਭੂਲੇ ਕਪਟੁ[੪] ਨ ਕੀਜੈ*
*ਅੰਤਿ ਨਿਬੇਰਾ[੫] ਤੇਰੇ ਜੀਅ[੬] ਪਹਿ ਲੀਜੈ ॥*

੧. ਠਗੀਆਂ ਚਲਾਕੀਆਂ ੨. ਪੁੱਤਰ ੩. ਵਹੁਟੀ
੪. ਧੋਖਾ ੫. ਲੇਖਾ (ਹਿਸਾਬ ਕਿਤਾਬ) ੬. ਜਿੰਦ

# ਗੁਰੂ ਤੋਂ ਬਿਨਾਂ ਮੁਕਤੀ ਨਹੀਂ

੧. ਮਤ ਕੋ ਭਰਮਿ ਭੁਲੈ ਸੰਸਾਰਿ
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥

੨. ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥

੩. ਬਿਨ ਸਤਿਗੁਰ ਕਿਨੈ ਨ ਪਾਇਓ
ਬਿਨ ਸਤਿਗੁਰ ਕਿਨੈ ਨ ਪਾਇਆ ॥

ਸਿੱਖ ਧਰਮ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਅੰਦਰਲੀ ਅਤੇ ਬਾਹਰਲੀਆਂ ਰਹਿਤਾਂ ਦਾ ਧਾਰਨੀ ਹੋਣਾ ਹੀ ਗੁਰੂ ਧਾਰਨ ਕਰਨਾ ਹੁੰਦਾ ਹੈ।

# ਮਾਤਾ ਪਿਤਾ ਦੀ ਸੇਵਾ ਬਾਰੇ

ਜੋ ਲੋਕ ਮਾਤਾ-ਪਿਤਾ ਦੀ ਸੇਵਾ ਨਹੀਂ ਕਰਦੇ, ਪਰ ਹੋਰ ਦਾਨ ਪੁੰਨ ਕਰਦੇ ਫਿਰਦੇ ਹਨ, ਤੀਰਥ ਯਾਤਰਾ ਜਾਂ ਹੋਰ ਧਰਮ ਦੇ ਕੰਮ ਕਰਦੇ ਹਨ, ਉਨ੍ਹਾਂ ਬਾਰੇ ਭਾ: ਸ: ਗੁਰਦਾਸ ਜੀ ਦੇ ਬਚਨ ਇਸ ਤਰ੍ਹਾਂ ਹਨ :-

(ਯਾਦ ਰਵੇ ਕਿ ਭਾਈ ਸਾਹਿਬ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਗਿਆ ਹੈ)

1. *ਮਾਂ ਪਿਉ ਪਰਹਰਿ ਸੁਣੇ ਵੇਦੁ ਨ ਜਾਣੈ ਕਥਾ ਕਹਾਣੀ ।*
(ਮਾਪਿਆਂ ਨੂੰ ਤਿਆਗ ਕੇ ਧਰਮ ਪੁਸਤਕ ਸੁਣੇ (ਉਹ ਉਨ੍ਹਾਂ ਦਾ ਭੇਦ) ਨਹੀਂ ਜਾਣੇਗਾ ।

2. *ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ ।*
(ਮਾਂ ਪਿਉ ਨੂੰ ਤਿਆਗ ਕੇ ਬਣਾਂ ਵਿਖੇ ਜਾ ਕੇ ਜੋ ਜਪ ਤਪ ਕਰਦਾ ਹੈ, ਉਹ ਬੀਆਬਾਨਾਂ ਵਿਖੇ ਭੁਲਾ ਫਿਰਦਾ ਹੈ ਭਾਵ ਆਪਣੇ ਸਰੂਪ ਰੂਪੀ ਘਰ ਨੂੰ ਨਹੀਂ ਪਹੁੰਚਦਾ ।)

3. *ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ ।*
(ਮਾਂ ਪਿਉ ਨੂੰ ਛੱਡ ਕੇ ਪੂਜਾ ਕਰਦਾ ਹੈ, ਉਸ ਦੀ ਸੇਵਾ ਕਮਾਈ ਨੂੰ ਦੇਵਤੇ ਵੀ ਨਹੀਂ ਮੰਨਦੇ)

4. *ਮਾਂ ਪਿਉ ਪਰਹਰਿ ਨਾਵਣਾ ਅਠਸਠਿ ਤੀਰਥ ਘੁੰਮਣ ਵਾਣੀ ।*
(ਮਾਂ ਪਿਉ ਨੂੰ ਛੱਡ ਕੇ ਜੋ ਅਠਸਠ (੬੮) ਤੀਰਥਾਂ ਵਿਖੇ ਇਸ਼ਨਾਨ ਕਰਦਾ ਹੈ ਉਹ (ਮਾਨੋ) ਘੁੰਮਣਵਾਣੀ ਵਿਖੇ ਗੋਤੇ ਖਾਂਦਾ ਹੈ)

5. *ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ ॥*
(ਮਾਂ ਪਿਉ ਨੂੰ ਛੱਡ ਕੇ ਜੋ ਹੋਰ ਦਾਨ ਕਰਦਾ ਹੈ ਉਹ (ਬੇਈਮਾਨ) ਅਧਰਮੀ ਅਤੇ ਅਗਿਆਨੀ ਪ੍ਰਾਣੀ ਹੈ ।

6. *ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ ॥*
(ਮਾਂ ਪਿਉ ਨੂੰ ਛੱਡ ਕੇ ਵਰਤ ਨੇਮ ਕਰਨਹਾਰਾ (ਚੋਰਾਸੀ ਲੱਖ ਜੂਨੀਆਂ) ਵਿਖੇ ਭਰਮ ਦਾ ਭੂਲਾ ਹੋਇਆ ਪਿਆ ਫਿਰਦਾ ਹੈ ।

7. *ਗੁਰੁ ਪਰਮੇਸਰੁ ਸਾਰੁ ਨ ਜਾਣੀ ॥*

(ਗੁਰੂ ਅਤੇ ਪਰਮੇਸਰ ਦੀ ਉਸ ਨੇ ਸਾਰ ਨਹੀਂ ਜਾਤੀ)

**ਭਾਵ** :- ਜਿਸ ਵਿਚ ਉਪਕਾਰ ਦੀ ਕ੍ਰਿਤਗਯਤਾ ਨਹੀਂ, ਮਾਪਿਆਂ ਜੈਸੇ ਕੁਦਰਤੀ ਪਿਆਰਿਆਂ ਦਾ ਮੋਹ ਜਿਸ ਨੂੰ ਖਿੱਚ ਨਹੀਂ ਪਾਉਂਦਾ, ਉਹ ਜੋ ਕਰਮ ਕਰਦਾ ਹੈ ਕੇਵਲ ਦਿਖਾਵੇ ਯਾ ਹਉਂ ਦੇ ਬੰਧ ਵਿਚ, ਉਹ ਸਾਰੇ ਨਿਸਫਲ ਹਨ। ਕਿਉਂਕਿ ਉਸ ਦੇ ਸਰੀਰ ਦੇ ਉਪਕਾਰੀ ਸੰਤੁਸ਼ਟ ਨਹੀਂ ਹਨ ਉਸ ਪਰ ਗੁਰੂ ਤੇ ਪਰਮੇਸਰ ਰੀਝ ਸਕਦੇ ਹਨ ?

(ਟੀਕਾ ਗਿ: ਹਜ਼ਾਰਾ ਸਿੰਘ ਜੀ)

ਗੁਰੂ ਰਾਮਦਾਸ ਜੀ ਆਪਣੇ ਪੁੱਤਰ ਪ੍ਰਿਥੀ ਚੰਦ ਨੂੰ ਕਹਿੰਦੇ ਹਨ :-

*ਕਾਹੇ ਪੂਤ ਝਗਰਤ ਹਉ ਸੰਗਿ ਬਾਪ*
*ਜਿਨ ਕੇ ਜਣੇ ਬਡੀਰੇ ਤੁਮ ਹਉ*
*ਤਿਨ ਸਿਉ ਝਗਰਤ ਪਾਪ ॥* (੧੨੦੦)

## ਪ੍ਰਭੂ ਪਿਆਰੇ

ਪ੍ਰਭੂ ਪਿਆਰੇ ਉਹ ਹੀ ਹੁੰਦੇ ਹਨ, ਜੋ ਪ੍ਰਭੂ ਦੀਆਂ ਬੇਅੰਤ ਬਖਸ਼ਸ਼ਾਂ ਦਾ ਸੁੱਖ-ਆਨੰਦ ਮਾਣਦੇ ਹੋਏ, ਸ਼ੁਕਰਾਨੇ ਵਜੋਂ ਉਸ ਦੀ ਸਿਫ਼ਤ-ਸਲਾਹ (ਸਿਮਰਨ) ਵਿਚ ਹਰ ਸਮੇਂ ਰਹਿੰਦੇ ਹਨ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ ਲੁਕਾਈ ਦੀ ਸੇਵਾ ਵੀ ਕਰਦੇ ਰਹਿੰਦੇ ਹਨ। 'ਗੁਰੂ ਨਾਨਕ ਦੇਵ ਗੋਬਿੰਦ ਰੂਪ' ਸਨ। ਇਸ ਲਈ ਉਨ੍ਹਾਂ ਦੇ

ਉਪਦੇਸ਼ਾਂ (ਗੁਰਬਾਣੀ) ਅਨੁਸਾਰ ਜੀਵਨ-ਜੀਉਣ ਵਾਲੇ ਵੀ ਪ੍ਰਭੂ ਪਿਆਰੇ ਹੁੰਦੇ ਹਨ ਜਿਨ੍ਹਾਂ ਦੀ ਸੰਗਤ, ਬਚਨਾਂ ਰਚਨਾ ਅਤੇ ਉਪਕਾਰਾਂ ਸਦਕਾ ਕਈਆਂ ਦਾ ਭਲਾ ਹੁੰਦਾ ਹੈ।

**ਮਸਤੂਆਣੇ ਵਾਲੇ ਸੰਤ ਅਤਰ ਸਿੰਘ ਜੀ ਕਿਹਾ ਕਰਦੇ ਸਨ :-**

੧. ਨਾਮ ਜਪਣਾ ਪ੍ਰਾਣੀ ਮਾਤਰ ਦਾ ਮੁੱਖ ਧਰਮ ਹੈ। ਨਾਮ ਦਾ ਹਰ ਸਮੇਂ ਪੂਰੇ ਉਤਸ਼ਾਹ ਨਾਲ ਹਜ਼ੂਰੀ ਵਿਚ ਜਾਪ ਕਰਨ ਨਾਲ ਇਕ ਅਦਭੁੱਤ ਸ਼ਕਤੀ ਪੈਦਾ ਹੁੰਦੀ ਹੈ।

੨. ਨਾਮ ਸਿਮਰਨ ਦੀ ਵਿਧੀ -

ਅਕਾਲ ਪੁਰਖ ਦੀ ਹਜ਼ੂਰੀ ਵਿਚ ਤਥਾ ਉਸ ਨੂੰ ਹਿਰਦੇ ਵਿਚ ਹਾਜ਼ਰ ਨਾਜ਼ਰ ਸਮਝ ਕੇ ਸ਼ੁਰੂ ਵਿਚ ਰਸਨਾ ਨਾਲ ਜਪਣਾ - ਹੋਠ ਅਤੇ ਜਿਹਬਾ ਹੌਲੀ-ਹੌਲੀ ਹਿਲਦੇ ਰਹਿਣਾ ਅਤੇ 'ਵਾਹਿਗੁਰੂ' ਸ਼ਬਦ ਦਾ ਇਕ ਰਸ ਉਚਾਰਨ ਕਰੀ ਜਾਣਾ।

ਫੇਰ ਹੋਠ ਬੰਦ ਹੌਲੀ-ਹੌਲੀ 'ਵਾਹਿਗੁਰੂ' ਸ਼ਬਦ ਸੁਰਤ ਵਿਚ ਜਪੀ ਜਾਣਾ।

ਤੀਸਰਾ ਦਰਜਾ ਸੁਆਸਾਂ ਦੁਆਰਾ - ਸੁਆਸ ਅੰਦਰ ਜਾਵੇ ਤਾਂ 'ਵਾਹਿ' ਨਾਲ ਜਾਵੇ ਅਤੇ ਬਾਹਿਰ ਆਵੇ ਤਾਂ 'ਗੁਰੂ' ਨਾਲ ਆਵੇ। (*ਬਾਹਰਿ ਭੀਤਰਿ ਏਕੋ ਜਾਨਹੁ ਇਹ ਗੁਰ ਗਿਆਨੁ ਬਤਾਈ*''- (੬੮੪)

ਇਸ ਤਰ੍ਹਾਂ ਜਪਦਿਆਂ ਜਪਦਿਆਂ ਅਤੁੱਟ ਅਭਿਆਸ ਦੇ ਮਗਰੋਂ

ਸੁੱਤੇ-ਸਹਿਜ ਹੀ ਚੌਥੀ ਅਵਸਥਾ ਆ ਜਾਂਦੀ ਹੈ ਜਿਸ ਵਿਚ ਸੁਰਤ ਸ਼ਬਦ ਇਕ ਹੋ ਜਾਂਦੇ ਹਨ।

੩. ਨਿਤਨੇਮ ਹਰ ਰੋਜ਼ ਕਰਨਾ ਚਾਹੀਦਾ ਹੈ। ਨਿਤਨੇਮ ਸਿੱਖੀ ਦੀ ਪੂੰਜੀ ਹੈ, ਦੌਲਤ ਅਤੇ ਜਾਇਦਾਦ ਹੈ।

੪. 'ਆਤਮ ਪਦ' ਰਿਧੀ ਸਿੱਧੀ ਤੋਂ ਬਹੁਤ ਅੱਗੇ ਹੈ।

੫. ਸੇਵਾ ਤੋਂ ਬਗੈਰ ਮਨ ਵਿਚ ਨਿਮਰਤਾ ਨਹੀਂ ਆਉਂਦੀ।

੬. ''ਸ਼ਬਦ ਗੁਰੂ ਸੁਰਤਿ ਧੁਨਿ ਚੇਲਾ'' ਉਚਾਰ ਕੇ ਸਪਸ਼ਟ ਕਰਿਆ ਕਰਦੇ ਸਨ ਕਿ ਆਦਿ ਤੋਂ ਅੰਤ ਤਕ ਸ਼ਬਦ ਹੀ ਗੁਰੂ ਹੈ। ਦੇਹ (ਸਰੀਰ) ਨ ਕਦੇ ਗੁਰੂ ਹੋਈ ਨ ਕਦੇ ਹੋਵੇਗੀ ਇਸ ਲਈ ਦੇਹ ਦੀ ਪੂਜਾ ਕਰਨਾ ਠੀਕ ਨਹੀਂ।

੭. ਕਿਸੇ ਦੇ ਬੋਲ ਕੁਬੋਲ ਸਹਾਰਨਾ ਤਪਾਂ ਸਿਰ ਤਪ ਹੈ।

੮. ਸ਼ਾਂਤੀ ਓਦੋਂ ਹੋਵੇਗੀ ਜਦੋਂ ਹਰ ਪ੍ਰਾਣੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੇ ਅਤੇ ਨਾਮ-ਬਾਣੀ ਅਤੇ ਕੀਰਤਨ ਵਿਚ ਜੁੜੇ।

ਇਸ ਤਰ੍ਹਾਂ ਗੁਰ ਉਪਦੇਸ਼ਾਂ (ਗੁਰਬਾਣੀ) ਨੂੰ ਆਪ ਸਮਝਣਾ ਅਤੇ ਪ੍ਰਚਾਰਨ ਲਈ ਯਥਾ-ਸ਼ਕਤ ਸਹਿਯੋਗ ਦੇਣਾ, ਸਾਡਾ ਸਭ ਦਾ ਜ਼ਰੂਰੀ ਫ਼ਰਜ਼ ਹੈ। ਇਸ ਫਰਜ਼ ਦੀ ਪਹਿਚਾਣ ਕਰਨ ਵਾਲੇ ਵੀਰ ਹਰ ਮਹੀਨੇ ਛਪਣ ਵਾਲੇ ਟ੍ਰੈਕਟ ਪ੍ਰਚਾਰ ਹਿਤ ਫਰੀ ਵੰਡਣ ਲਈ ੫੦/- ਰੁ: ਸੈਂਕੜਾ ਮਾਇਆ ਅਗਲੇ ਸਫੇ ਓਤੇ ਦਿਤੇ ਪਤੇ ਉਤੇ ਭੇਜ ਕੇ ਮੰਗਵਾ ਸਕਦੇ ਹਨ।

# ਛੋਟੇ-ਵੱਡੇ ਬੱਚੇ

ਸਾਡੇ ਛੋਟੇ ਅਤੇ ਵੱਡੇ ਬੱਚੇ ਸਾਖੀਆਂ-ਕਹਾਣੀਆਂ ਪੜ੍ਹਨ-ਸੁਣਨ ਦਾ ਬੜਾ ਸ਼ੌਕ ਰਖਦੇ ਹਨ। ਸਿੱਖੀ ਗੁਣਾਂ ਨੂੰ ਪ੍ਰਗਟਾਉਣ ਵਾਲੀਆਂ ਕੁਝ ਸਚੀਆਂ ਵਾਰਤਾਵਾਂ, ਕਹਾਣੀਆਂ ਦੀ ਸ਼ਕਲ ਵਿਚ ਸਭਾ ਨੇ ਚਾਰ ਪੁਸਤਕਾਂ ਦੇ ਰੂਪ ਵਿਚ ਛਾਪੀਆਂ ਹਨ। ਜਿਨ੍ਹਾਂ ਦੀ ਬੋਲੀ ਬੜੀ ਸਰਲ ਅਤੇ ਹਰ ਇਕ ਦੀ ਸਮਝ ਵਿਚ ਆਉਣ ਵਾਲੀ ਹੈ। ਆਪਣੇ ਬੱਚਿਆਂ ਨੂੰ ਪੜ੍ਹਾਉਣ ਦੀ ਜਿਥੇ ਸਿਫ਼ਾਰਸ਼ ਕੀਤੀ ਜਾਂਦੀ ਹੈ ਉਥੇ ਪ੍ਰਚਾਰ ਹਿਤ ਸਾਕ-ਸਨੇਹੀਆਂ ਦੇ ਬੱਚਿਆਂ ਨੂੰ ਤੁਹਫੇ ਵਜੋਂ ਦੇਣ ਲਈ ਵੀ ਸਿਫਾਰਸ਼ ਕੀਤੀ ਜਾਂਦੀ ਹੈ।

੧. ਜਮਦੂਤ ਛਡਿ ਜਾਹਿ  ੨. ਨਾਮੁ ਸਹਾਈ
੩. ਵਿਚਿ ਦੁਨੀਆ ਸੇਵਿ ਕਮਾਈਐ  ੪. ਭਰੋਸੇ ਦੀਆਂ ਗੱਲਾਂ

*ਭੇਟਾ ਸਭ ਦੀ ੨/- ਰੁ: ਪ੍ਰਤੀ ਹੈ।*

ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ ਡਾਕ ਰਾਹੀਂ ਮੰਗਵਾਉਣ ਲਈ ਜਾਂ ਦਸਤੀ ਆ ਕੇ ਲੈਣ ਲਈ ਭਾ: ਸੁਖਬੀਰ ਸਿੰਘ (ਗੁਰਸਿੱਖ ਫੁਲਵਾੜੀ ਪਬਲਿਕ ਸਕੂਲ) ਗਲੀ ਨੰ: 8, ਗੁਰਬਖਸ਼ ਕਾਲੋਨੀ, ਪਟਿਆਲਾ-147 003 ਤੋਂ ਲੈ/ਮੰਗਵਾ ਸਕਦੇ ਹੋ। ਫੋਨ ਨੰ: 226796 ਜਾਂ ਸ: ਚਰਨ ਸਿੰਘ ਐਂਡ ਸੰਨਜ਼ ਕਪੜੇ ਵਾਲੇ ਸ਼ੇਰੇ ਪੰਜਾਬ ਮਾਰਕੀਟ ਤੋਂ ਦਸਤੀ ਆ ਕੇ ਲੈ ਸਕਦੇ ਹੋ।

ਪ੍ਰਾਰਥਕ

ਨੋਟ : ਮਨੀਆਰਡਰ ਕੂਪਨ ਉਤੇ ਨਾਂ ਪਤਾ ਅਤੇ ਵੇਰਵਾ ਜ਼ਰੂਰ ਲਿਖੋ।
ਸਭਾ V.P.P ਨਹੀਂ ਭੇਜਦੀ ਇਸ ਲਈ ਭੇਟਾ ਪਹਿਲਾਂ ਭੇਜੋ ਜੀ।